ਪੰਜਾਬ ਸਰਕਾਰ
ਪੰਜਾਬ ਸਟੇਟ ਈ-ਗਵਰਨੈਂਸ ਸੁਸਾਇਟੀ
ਪ੍ਰਸ਼ਾਸਨਿਕ ਸੁਧਾਰ ਅਤੇ ਲੋਕ ਸ਼ਿਕਾਇਤ ਵਿਭਾਗ
GOVERNMENT OF PUNJAB
PUNJAB STATE E- GOVERNANCE SOCIETY
DEPARTMENT OF GOVERNANCE REFORMS AND PUBLIC GRIEVANCES
PH: 0172-2970838
EMAIL: dgr@punjab.gov.in

ਸੇਵਾ ਵਿਖੇ

1. ਪੰਜਾਬ ਰਾਜ ਦੇ ਸਮੂਹ ਪ੍ਰਬੰਧਕੀ ਸਕੱਤਰ।
2. ਪੰਜਾਬ ਰਾਜ ਦੇ ਸਮੂਹ ਡਿਪਟੀ ਕਮਿਸ਼ਨਰਜ਼।

ਪੱਤਰ ਨੰ.GRI-RTIORTIC/1/2020-PCS-GRI-DEPT/1046-47 ਮਿਤੀ. 11/03/22

ਵਿਸ਼ਾ:- **ਰਾਈਟ ਟੂ ਇਨਫਰਮੇਸ਼ਨ ਐਕਟ 2005 ਅਧੀਨ ਲੋਕ ਸੂਚਨਾ ਅਫਸਰਾਂ ਵਲੋਂ ਸੂਚਨਾ ਦੇਣ ਸਬੰਧੀ।**

ਉਪਰੋਕਤ ਵਿਸ਼ੇ ਸਬੰਧੀ ਇਸ ਵਿਭਾਗ ਦੇ ਧਿਆਨ ਵਿੱਚ ਲਿਆਂਦਾ ਗਿਆ ਹੈ ਕਿ ਕਈ ਸਹਾਇਕ ਲੋਕ ਸੂਚਨਾ ਅਫਸਰਾਂ ਲੋਕ/ਸੂਚਨਾ ਅਫਸਰਾਂ ਅਤੇ ਐਪੀਲੈਟ ਅਥਾਰਟੀਆਂ (Appellate Authorities) ਵਲੋਂ ਰਾਈਟ ਟੂ ਇਨਫਰਮੇਸ਼ਨ ਐਕਟ 2005 ਦੇ ਅਧੀਨ ਦਿੱਤੀ ਜਾਂਦੀ ਸੂਚਨਾ ਵਿੱਚ ਉਨ੍ਹਾਂ ਦਾ ਨਾਂ ਅਤੇ ਆਹੁੱਦੇ ਆਦਿ ਦੇ ਪੂਰਨ ਵੇਰਵੇ ਨਾ ਹੋਣ ਕਾਰਨ ਨਾਗਰਿਕਾਂ ਨੂੰ ਉਨ੍ਹਾਂ ਦੇ ਦਫਤਰ ਨਾਲ ਸੰਪਰਕ ਕਰਨ ਵਿੱਚ ਮੁਸ਼ਕਲ ਪੇਸ਼ ਆਉਂਦੀ ਹੈ।

2. ਇਸ ਨੂੰ ਮੁੱਖ ਰੱਖਦੇ ਹੋਏ ਇਹ ਯੋਗ ਹੋਵੇਗਾ ਜੇਕਰ ਆਪ ਜੀ ਦੇ ਅਧਿਕਾਰ ਖੇਤਰ ਅਧੀਨ ਆਉਂਦੇ ਸਮੂਹ ਸਹਾਇਕ ਲੋਕ ਸੂਚਨਾ ਅਫਸਰਾਂ/ਲੋਕ ਸੂਚਨਾ ਅਫਸਰਾਂ ਅਤੇ ਐਪੀਲੈਟ ਅਥਾਰਟੀਆਂ ਨੂੰ ਇਹ ਹਦਾਇਤ ਕੀਤੀ ਜਾਵੇ ਕਿ ਕਾਨੂੰਨ ਅਧੀਨ ਨਾਗਰਿਕਾਂ ਨੂੰ ਦਿੱਤੀ ਜਾਣ ਵਾਲੀ ਸੂਚਨਾ ਦੇ ਫਾਰਮੇਟ ਤੇ ਉਨ੍ਹਾਂ ਵਲੋ ਹੇਠ ਲਿਖੇ ਵੇਰਵੇ ਦੇਣਾ ਯਕੀਨੀ ਬਣਾਇਆ ਜਾਵੇ:

i. ਨਾਂ (Name)
ii. ਆਹੁੱਦਾ (Designation)
iii. ਸਰਕਾਰੀ ਈ.ਮੇਲ ਐਡਰੈਸ( Official e-mail address)
iv. ਦਫਤਰੀ ਟੈਲੀਫੋਨ ਨੰਬਰ (Office Telephone No.)

3. ਇਸ ਨੂੰ ਪਰਮ ਅਗੇਤ ਦਿੱਤੀ ਜਾਵੇ ।

ਡਾਇਰੈਕਟਰ

ਪਿੱਠ ਅੰਕਣ ਨੰ.GRI-RTIORTIC/1/2020-PCS-GRI-DEPT-DGR/1048-49 ਮਿਤੀ, 11/03/22

ਇਸ ਦਾ ਇਕ ਉਤਾਰਾ ਨਿਮਨ ਲਿਖਤ ਨੂੰ ਸੂਚਨਾ ਅਤੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

1. ਰਜਿਸਟਰਾਰ ਜਨਰਲ, ਪੰਜਾਬ ਤੇ ਹਰਿਆਣਾ ਹਾਈਕੋਰਟ
2. ਸਕੱਤਰ, ਪੰਜਾਬ ਰਾਜ ਸੂਚਨਾ ਕਮਿਸ਼ਨ

ਡਾਇਰੈਕਟਰ



ਪਲਾਟ ਨੰ ਡੀ-241, ਫੇਸ 8 ਬੀ, ਸੈਕਟਰ 74, ਇੰਡਸਟਰੀਅਲ ਏਰੀਆ, ਮੋਹਾਲੀ 160071, ਪੰਜਾਬ
Plot No. D-241, Industrial Area, Phase-8B, Sector-74, Mohali-160071